## ਸ਼ੇਖ ਫ਼ਰੀਦ - ਸਬਦ ੧੦੧

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੩

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥

ਸਾਰ: ਸਾਡੇ ਜੀਵਨ ਦੀਆਂ ਪਰਤਾਂ ਹੇਠ ਵਗਦੀ ਸਮੇਂ ਦੀ ਧਾਰਾ ਹੌਲੀ-ਹੌਲੀ ਸਾਨੂੰ ਥਕਾ ਦਿੰਦੀ ਹੈ, 'ਤੇ ਅਸੀਂ ਇਸ ਬਾਰੇ ਜਾਗਰੂਕ ਵੀ ਨਹੀਂ ਹੁੰਦੇ। ਆਪਣੇ ਰੋਜ਼ਮਰਾ ਜੀਵਨ ਵਿਚ ਸਾਡੇ ਕੋਲ ਹੋਂਦ ਨਾਲ ਇਕਸੁਰ ਹੋਣ ਜਾਂ ਪੂਰੀ ਬੇਧਿਆਨੀ ਨਾਲ ਇਸ ਨੂੰ ਨਜ਼ਰਅੰਦਾਜ਼ ਕਰਨ ਦੀ ਚੋਣ ਹੁੰਦੀ ਹੈ। ਜਾਗਰੂਕਤਾ ਦੇ ਧਾਰਨੀ ਹੋ, ਹਰ ਪਲ ਇਕ ਸੁਨਹਿਰੀ ਅਵਸਰ ਹੋ ਜਾਂਦਾ ਹੈ ਅਤੇ ਦੂਜੇ ਪਾਸੇ ਭਟਕਣਾਵਾਂ ਸੂਝ ਨੂੰ ਰੋਕਦੀਆਂ ਹਨ। ਭਾਵੇਂ ਬਾਹਰੀ ਰਾਹ ਇਕੋ ਜਿਹੇ ਦਿਖਾਈ ਦੇਣ ਪਰ ਇਕ ਰਸਤਾ ਭਰਪੂਰਤਾ ਵੱਲ ਲੈ ਜਾਂਦਾ ਹੈ ਅਤੇ ਦੂਸਰਾ ਅਸੰਤੁਸ਼ਟੀ ਵੱਲ। ਜੀਵਨ ਸਾਲਾਂ ਬੱਧੀ ਜੀਉਣ ਦਾ ਨਾਮ ਨਹੀਂ ਬਲਕਿ ਇਹ ਤਾਂ ਜੀਉਂਦੇ ਜੀਅ ਅਸਲ ਵਿਚ ਜੀਉਣ ਦੀ ਕਲਾ ਹੈ।

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥
ਫਰੀਦ ਕਹਿੰਦੇ ਹਨ ਕਿ ਜੀਵਨ ਦੇ ਅੰਤ ਦੀ ਦਸਤਕ ਢਹਿ-ਢੇਰੀ ਹੋ ਰਹੇ ਨਦੀ ਦੇ ਕੰਢੇ ਵਰਗੀ ਹੁੰਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਜਿਵੇਂ ਮਿੱਟੀ ਚੁੱਪਚਾਪ ਖੁਰਦੀ ਜਾਂਦੀ ਹੈ, ਇਸੇ ਤਰ੍ਹਾਂ ਸਾਡੇ ਸਰੀਰ ਵੀ ਢਲਦੇ ਜਾਂਦੇ ਹਨ, ਜੋ ਸਾਨੂੰ ਹਰ ਪਲ ਨੂੰ ਖੁਸਣ ਤੋਂ ਪਹਿਲਾਂ ਇਸ ਨੂੰ ਮਾਨਣ ਦੀ ਤਾਕੀਦ ਕਰਦੇ ਹਨ।

ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥
ਅੱਗੇ ਸੜਦਾ ਨਰਕ ਹੈ; ਇਹ ਸੁਣ ਕੇ ਮਨੁੱਖ ਡਰ ਨਾਲ ਰੋ ਪੈਂਦਾ ਹੈ, ਦੁੱਖ ਅਤੇ ਵਿਆਕੁਲਤਾ ਨਾਲ ਭਰ ਜਾਂਦਾ ਹੈ। ਇਹ ਦ੍ਰਿਸ਼ਟਾਂਤ ਨਰਕ ਨੂੰ ਮੌਤ ਤੋਂ ਬਾਅਦ ਕਿਸੇ ਦੂਰਲੇ ਪਰਲੋਕ ਵਜੋਂ ਨਹੀਂ, ਸਗੋਂ ਇਕ ਅਸ਼ਾਂਤ ਮਨ ਦੁਆਰਾ ਰਚੇ ਅੰਦਰਲੇ ਕਲੇਸ਼ ਵਜੋਂ ਦਰਸਾਉਂਦਾ ਹੈ।

ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥
ਕੁਝ ਇਸ ਹਕੀਕਤ ਦੀ ਚਰਮ ਸੀਮਾ ਤੱਕ ਪਹੁੰਚ ਜਾਂਦੇ ਹਨ, ਜਦਕਿ ਕਈ ਬੇਧਿਆਨੀ ਵਿਚ ਹੀ ਜੀਵਨ ਗੁਜ਼ਾਰਦੇ ਰਹਿੰਦੇ ਹਨ। ਇਹ ਭਾਵ ਇਕਾਗਰਤਾ ਅਤੇ ਭਟਕਣਾਂ ਵਿਚਲੇ ਅੰਤਰ ਬਾਰੇ ਝਾਤ ਪਾਉਂਦਾ ਹੈ, ਜਿਥੇ  ਜੀਵਨ ਨੂੰ ਸਪਸ਼ਟਤਾ ਨਾਲ ਕਲਾਵੇ ਵਿਚ ਲਿਆ ਜਾ ਸਕਦਾ ਹੈ ਜਾਂ ਅਗਿਆਨਤਾ ਵਿਚ ਜੀਆ ਜਾ ਸਕਦਾ ਹੈ।

ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥
ਇਸ ਸੰਸਾਰ ਵਿਚ ਕੀਤੇ ਗਏ ਕਰਮ ਸਾਡੀ ਅੰਤਰ-ਆਤਮਾ ਦੀ ਅਦਾਲਤ ਵਿਚ ਗਵਾਹ ਬਣ ਕੇ ਖੜ੍ਹੇ ਹੁੰਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਅਸੀਂ ਇਮਾਨਦਾਰੀ ਨਾਲ ਆਪਣੇ ਸੱਚ ਦਾ ਮੁਲਾਂਕਣ ਕਰਦੇ ਹਾਂ, ਤਾਂ ਸਾਡੀਆਂ ਚੋਣਾਂ ਹੀ ਅੰਦਰੂਨੀ ਲੇਖੇ ਵਜੋਂ ਸਾਡੇ ਸਾਹਮਣੇ ਆਉਂਦੀਆਂ ਹਨ। (੯੮)

ਤੱਤ**:** ਸ਼ੇਖ ਫ਼ਰੀਦ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਉਂਦੇ ਹਨ ਕਿ ਸਾਡੇ ਕਰਮ ਹੀ ਸਾਡੀ ਅਸਲ ਅੰਤਰੀਵੀ ਅਵਸਥਾ ਨੂੰ ਬਿਆਨ ਕਰਦੇ ਹਨ। ਇਸ ਵਰਤਾਰੇ ਵਿਚ ਕਿਸੇ ਬਾਹਰੀ ਫ਼ੈਸਲੇ ਦੀ ਲੋੜ ਨਹੀਂ ਹੁੰਦੀ; ਹਰ ਮਨੁੱਖ ਦੀ ਅੰਤਰ-ਆਤਮਾ ਆਪ ਹੀ ਗਵਾਹ ਬਣ ਗਵਾਹੀ ਦਿੰਦੀ ਹੈ। ਉਹ ਉਹਨਾਂ ਵਿਚਕਾਰ ਸਪਸ਼ਟ ਅੰਤਰ ਦਰਸਾਉਂਦੇ ਹਨ ਜਿਨ੍ਹਾਂ ਨੇ ਇਸ ਗੂੜ੍ਹ ਸੂਝ ਨੂੰ ਅਪਣਾਇਆ ਜਾਂ ਨਕਾਰਿਆ ਹੈ।  ਨਰਕ ਨੂੰ ਉਹ ਕਿਸੇ ਦੂਰਲੇ ਸਥਾਨ ਵਜੋਂ ਨਹੀਂ ਦਿਖਾਉਂਦੇ, ਸਗੋਂ ਮਨ ਦੀ ਉਸ ਦਸ਼ਾ ਵਜੋਂ ਸਵਿਕਾਰਦੇ ਹਨ ਜਿਥੇ ਕਲੇਸ਼ ਅਤੇ ਪੀੜਾ ਦੀ ਭਰਮਾਰ ਹੁੰਦੀ ਹੈ, ਅਤੇ ਜੋ ਅਗਿਆਨਤਾ ਤੋਂ ਉਤਪੰਨ ਹੁੰਦਾ ਹੈ।

---

ਪਹਿਲਕਦਮੀ

**Oneness In Diversity Research Foundation**
ਵੈੱਬਸਾਈਟ**:** **OnenessInDiversity.com**

ਈਮੇਲ**: onenessindiversityfoundation@gmail.com**